# ਕਾਵਿ ਦੀ ਸੁਹਜ-ਸ਼ਾਸਤਰੀ ਅਧਿਐਨ ਵਿਧੀ

**Rajwinder Kaur[1]* Dr. Sarabjit Singh[2]**

[1] Research Scholar, I.K.G. Punjab Technical University, Kapurthala

[2] Assistant Professor , I.K.G. Punjab Technical University, Kapurthala

***ਸੁਹਜ-ਸ਼ਾਸਤਰੀ ਅਧਿਐਨ ਵਿਧੀ ਤੋਂ ਭਾਵ ਉਸ ਅਧਿਐਨ ਵਿਧੀ ਤੋਂ ਹੈ ਜੋ ਕਾਵਿ ਦਾ ਅਧਿਐਨ ਉਸਦੇ 'ਸੁਹਜ' ਨੂੰ ਆਧਾਰ ਬਣਾ ਕੇ ਕਰਦੀ ਹੈ। ਇਹ ਅਧਿਐਨ ਵਿਧੀ ਭਾਵੇਂ ਸੁਹਜਵਾਦੀ ਲਹਿਰ ਨਾਲ ਸਾਂਝ ਰਖਦੀ ਹੈ ਪਰ ਇਹ ਕੇਵਲ ਇਸ ਵਕਤੀ ਤੌਰ 'ਤੇ ਚੱਲੀ ਸੁਹਜਵਾਦੀ ਲਹਿਰ/ਧਾਰਾ ਤੱਕ ਸੀਮਿਤ ਨਹੀਂ ਕਿਉਂਕਿ ਕਾਵਿ ਤੇ ਸੁਹਜ ਦਾ ਰਿਸ਼ਤਾ ਆਦਿ-ਜੁਗਾਦੀ ਰਿਹਾ ਹੈ। ਕਲਾ ਦੇ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਸੁਹਜ ਕਾਵਿ ਦੀ ਪਛਾਣ ਦਾ ਮੂਲ ਆਧਾਰ ਬਣਦਾ ਹੈ। ਇਸ ਅਧਿਐਨ ਵਿਚ ਕਾਵਿ-ਸੁਹਜ ਨੂੰ ਸਮਾਜ ਤੋਂ ਟੁੱਟੀ ਹੋਈ ਨਿਰਲੇਪ ਇਕਾਈ ਵਜੋਂ ਗ੍ਰਹਿਣ ਨਹੀਂ ਕੀਤਾ ਗਿਆ ਜਾਂ ਇਉਂ ਕਹੀਏ ਕਿ ਹਥਲਾ ਅਧਿਐਨ 'ਕਲਾ ਕਲਾ ਲਈ' ਅਤੇ 'ਕਲਾ ਸਮਾਜ ਲਈ' ਵਾਲੀ ਕਿਸੇ ਇਕਮੁਖੀ ਦ੍ਰਿਸ਼ਟੀ ਤੱਕ ਸੀਮਿਤ ਨਹੀਂ ਹੈ।***

---------------------------------x---------------------------------

ਸੁਹਜ-ਸ਼ਾਸਤਰੀ ਅਧਿਐਨ ਵਿਧੀ ਦੇ ਮੂਲ ਪਛਾਣ ਅਸਲ ਵਿਚ ਕਵਿਤਾ ਦੀ ਹੋਂਦ ਵਿਧੀ ਨਾਲ ਜੁੜੇ ਹੋਏ ਹਨ। ਕਵਿਤਾ ਜਿਨ੍ਹਾਂ ਬੁਨਿਆਦੀ ਇਕਾਈਆਂ ਦੇ ਜੋੜ-ਮੇਲ ਨਾਲ ਹੋਂਦ ਗ੍ਰਹਿਣ ਕਰਦੀ ਹੈ, ਉਹੀ ਇਕਾਈਆਂ ਇਸਦੇ ਸੁਹਜ-ਸ਼ਾਸਤਰ ਲਈ ਮੂਲ ਪਛਾਣ ਦਾ ਕੰਮ ਕਰਦੀਆਂ ਹਨ। ਲੰਮੇ ਸਮੇਂ ਤੋਂ ਕਵਿਤਾ ਦੀ ਹੋਂਦ ਵਿਧੀ ਨੂੰ ਕਦੇ ਬਿੰਬਮੂਲਕ ਹੋਣ ਵਿਚ ਪਛਾਣਿਆ ਗਿਆ ਹੈ ਕਦੇ ਇਸ ਦੇ ਪ੍ਰਤੀਕੀ ਮਹੱਤਵ ਦੀ ਗੱਲ ਕੀਤੀ ਗਈ ਹੈ ਤੇ ਕਦੇ ਕਵੀ ਦੀ ਕਲਪਨਾ, ਅਨੁਭਵ ਤੇ ਪ੍ਰੱਤਖਣ ਨੂੰ ਕਵਿਤਾ ਦੀ ਹੋਂਦ ਵਿਧੀ ਦਾ ਆਧਾਰ ਥਾਪਿਆ ਗਿਆ ਹੈ। ਇਸ ਤਰ੍ਹਾਂ ਕਈ ਵਾਰੀ ਇਸਨੂੰ ਕਵਿਤਾ ਦੀ ਕੇਵਲ ਰੂਪਾਤਮਕ ਹੋਂਦ ਤੱਕ ਘਟਾ ਕੇ ਦੇਖਿਆ ਗਿਆ ਹੈ। ਕਿਤੇ ਇਹ ਮਹਿਜ਼ ਯਥਾਰਥ ਦਾ ਪੁਨਰ ਪ੍ਰਸਤੁਤੀਕਰਣ ਬਣਾ ਕੇ ਦੇਖਣ ਜਾਂ ਕਰਣ ਦਾ ਅਨੁਕਰਣ ਕਰਨ ਵਿਚ ਪਛਾਣੀ ਗਈ ਹੈ ਤੇ ਕਦੇ ਇਸਨੂੰ ਯਥਾਰਥ ਦਾ ਸਿੱਧਾ-ਸਪਾਟ ਪ੍ਰਗਟਾਵਾ ਨਾ ਮੰਨ ਕੇ ਇਸਨੂੰ ਨਵ-ਸਿਰਜਿਤ ਵਿਲੱਖਣ ਹੋਂਦ ਦੇ ਅਰਥ ਵਿਚ ਦੇਖਿਆ ਗਿਆ ਹੈ ਫਿਰ ਵੀ ਏਨਾ ਤਾਂ ਸਪੱਸ਼ਟ ਹੀ ਹੈ ਕਿ ਕਵਿਤਾ ਦੇ ਸੁਹਜ ਨੂੰ ਕਿਸੇ ਇਕ ਨਿਰਪੇਖ ਨਜ਼ਰੀਏ ਤੋਂ ਦੇਖਿਆ ਇਸ ਨਾਲ ਨਿਆਂ ਨਹੀਂ ਹੋ ਸਕਦਾ। ਕਾਵਿ-ਚਿੰਤਨ ਦੇ ਇਤਿਹਾਸ ਵਿਚ ਪ੍ਰਾਪਤ ਵੱਖ-ਵੱਖ ਅਧਿਐਨ ਵਿਧੀਆਂ ਇਸ ਦਿਸ਼ਾ ਵਿਚ ਸਾਡਾ ਮਾਰਗ-ਦਰਸ਼ਨ ਕਰ ਸਕਦੀਆਂ ਹਨ। ਹਥਲੇ ਅਧਿਐਨ ਦੀ ਪਹੁੰਚ ਇਨ੍ਹਾਂ ਅਧਿਐਨ ਵਿਧੀਆਂ ਤੋਂ ਪ੍ਰਾਪਤ ਸੋਝੀ ਦੀ ਰੌਸ਼ਨੀ ਵਿਚ ਕਾਵਿ ਦੀ ਸੁਹਜ-ਸ਼ਾਸਤਰੀ ਅਧਿਐਨ ਵਿਧੀ ਦਾ ਮਾਡਲ ਉਸਾਰਨ ਵੱਲ ਪ੍ਰੇਰਿਤ ਹੈ।

ਕਾਵਿ ਦਾ ਸੰਬੰਧ ਸੁਹਜ ਸਿਰਜਣਾ ਨਾਲ ਹੈ ਪਰ ਸਾਹਿਤ ਦੀਆਂ ਹੋਰਨਾਂ ਵਿਧਾਵਾਂ ਨਾਲੋਂ ਕਵਿਤਾ ਵਿਸ਼ੇਸ਼ ਤੌਰ 'ਤੇ ਸੁਹਜਮਈ ਅਭਿਵਿਅੰਜਨਾ ਵਾਲੀ ਵਿਧਾ ਹੈ। ਸੁਹਜ ਕਵਿਤਾ ਭਾਸ਼ਾ ਦੀ ਵਿਸ਼ੇਸ਼ ਸਿਰਜਣਯੋਗਤਾ ਨਾਲ ਸੰਬੰਧਤ ਹੈ। ਇਸਦੀ ਭਾਸ਼ਾ ਸਾਧਾਰਣ ਪ੍ਰਚੱਲਤ ਅਰਥ ਤੋਂ ਪਾਰ ਸੁਝਾਊ ਅਰਥ ਦਾ ਬੋਧ ਕਰਾਉਂਦੀ ਹੈ। ਕਵਿਤਾ ਦਾ ਮੁੱਖ ਪ੍ਰਕਾਰਜ

ਸੁਹਜ-ਉਦੈ ਹੈ। ਇਸਦਾ ਭਾਵ ਇਹ ਹੈ ਕਿ ਇਸਨੂੰ ਕਿਸੇ ਪ੍ਰਕਾਰ ਦੀ ਸਾਧਨਮੂਲਕ ਪਹੁੰਚ ਤੱਕ ਨਹੀਂ ਘਟਾਇਆ ਜਾ ਸਕਦਾ। ਸੁਹਜ ਕਵਿਤਾ ਦੀ ਹੋਂਦ ਵਿਧੀ ਦੀ ਪ੍ਰਥਾਮਿਕ ਸ਼ਰਤ ਹੈ। ਆਪਣੀ ਇਸ ਪ੍ਰਾਥਮਿਕ ਸ਼ਰਤ ਨੂੰ ਪੂਰਾ ਕਰਦੇ ਹੋਏ ਕਾਵਿ ਸਮਾਜ ਨਾਲ ਕ੍ਰਿਆਿਵੰਤ ਹੋਂਦ ਦੇ ਰੂਪ ਵਿਚ ਜੁੜਿਆ ਹੋਇਆ ਹੈ। ਇਸੇ ਲਈ ਕਾਵਿ ਸੁਹਜ ਕੇਵਲ ਸ਼ੈਲੀਗਤ ਜੁਗਤਾਂ ਜਾਂ ਅਲੰਕਾਰਾਂ, ਛੰਦਾਂ ਆਦਿ ਦੀਆਂ ਮਕਾਨਕੀ ਗਿਣਤੀਆਂ-ਮਿਣਤੀਆਂ ਦਾ ਜੋੜ-ਮੇਲ ਨਹੀਂ ਇਹ ਇਸ ਤੋਂ ਵਧੇਰੇ ਜੀਵੰਤ ਹੋਂਦ ਹੈ।

## ਕਾਵਿ ਸੁਹਜ ਦੇ ਪ੍ਰਮੁੱਖ ਸੰਕਲਪਾਂ ਦੀ ਪਛਾਣ :

ਕਾਵਿ ਸਿਰਜਣਾ ਸੱਜਰਾ ਤੇ ਮੌਲਿਕ ਵਰਤਾਰਾ ਹੈ। ਹਰ ਕਵਿਤਾ ਆਪਣੇ ਤੋਂ ਪੂਰਬਲੀ ਕਵਿਤਾ ਤੋਂ ਨਵੀਂ ਤੇ ਸੱਜਰੀ ਹੁੰਦੀ ਹੈ ਪਰ ਕਈ ਵਾਰੀ ਕਵੀ ਅਚੇਤ-ਸੁਚੇਤ ਰੂਪ ਵਿਚ ਆਪਣੀ ਪੂਰਬਲੀ ਪਰੰਪਰਾ ਤੋਂ ਬਹੁਤ ਕੁਝ ਗ੍ਰਹਿਣ ਕਰਦਾ ਜਾਂਦਾ ਹੈ। ਪੂਰਬਲੀ ਪਰੰਪਰਾ ਤੋਂ ਸੁਚੇਤ ਰੂਪ ਵਿਚ ਗ੍ਰਹਿਣ ਕੀਤਾ ਗਿਆ ਵਿਚਾਰ, ਸੰਕਲਪ, ਕਾਵਿ-ਰੂਪ ਇਕ ਪ੍ਰਕਾਰ ਦੀ ਇਕਸਾਰਤਾ ਨੂੰ ਜਨਮ ਦਿੰਦਾ ਹੈ। ਅਜਿਹੀ ਸਥਿਤੀ ਵਿਚ ਕਵੀ ਤੇ ਉਸਦੀ ਕਵਿਤਾ ਦੀ ਮੌਲਿਕਤਾ 'ਤੇ ਪ੍ਰਸ਼ਨ-ਚਿੰਨ੍ਹ ਲਗਦਾ ਹੈ। ਅਜਿਹੀ ਪ੍ਰਕਾਰ ਦੀ ਸਿਰਜਣਾ ਨੂੰ ਦੈਲਿਊਜ਼ ਤੇ ਗਾਟਰੀ ਨੇ ਬਿਰਖ-ਨੁਮਾ ਰਚਨਾ ਹੋਣ ਵਜੋਂ ਪਛਾਣਿਆ ਹੈ। ਦੂਜੇ ਪਾਸੇ ਉਨ੍ਹਾਂ ਨੇ ਅਜਿਹੀ ਸਿਰਜਣਾ ਦੀ ਪਛਾਣ ਕੀਤੀ ਹੈ ਜਿਸ ਵਿਚ ਪਰੰਪਰਾ ਭਾਵੇਂ ਅਚੇਤ ਪੱਧਰ ਤੇ ਤਾਂ ਕਾਰਜਸ਼ੀਲ ਰਹਿੰਦੀ ਹੈ ਪਰ ਕਵੀ ਆਪਣੇ ਅਨੁਭਵ ਤੇ ਪ੍ਰਤੱਖਣ ਨਾਲ ਅਜਿਹੀ ਸਿਰਜਣਾ ਕਰ ਦਿੰਦਾ ਹੈ ਜੋ ਮੌਲਿਕ, ਨਵੀਂ ਤੇ ਸੱਜਰੀ ਹੋ ਨਿਬੜਦੀ ਹੈ। ਇਸ ਪ੍ਰਕਾਰ ਦੀ ਕਵਿਤਾ ਹੀ ਆਪਣੇ ਅਸਲ ਸੁਹਜ-ਸ਼ਾਸਤਰੀ ਅਰਥ ਵਿਚ ਕਵਿਤਾ ਹੋਣ ਦੀ ਅਧਿਕਾਰੀ ਹੈ। ਅਜਿਹੀ ਕਵਿਤਾ ਪਰੰਪਰਾ ਦੇ ਗਾਡੀ ਰਾਹ ਤੇ ਤੁਰਨ ਦੀ ਬਜਾਇ ਆਪਣਾ ਰਸਤਾ ਆਪ ਅਖਤਿਆਰ ਕਰਦੀ ਹੈ। ਦੈਲਿਊਜ਼ ਤੇ ਗਾਟਰੀ ਨੇ ਅਜਿਹੀ ਸਿਰਜਣਾ ਨੂੰ ਗ੍ਰਾਸ-ਨੁਮਾ ਹੋਣ ਵਜੋਂ ਪਛਾਣਿਆ ਹੇ। ਇਕੋ ਸਰੋਤ ਦੀ ਬਾਰੰਬਾਰ ਦੁਹਰਾਈ ਕਵਿਤਾ ਵਿਚ ਸੁਕੇਂਦਰਿਤ ਪਹੁੰਚ ਵਾਲੀ ਖੜੋਤ ਨੂੰ ਜਨਮ ਦੇ ਸਕਦੀ ਹੈ ਪਰ ਵਿਕੇਂਦਰਿਤ ਪਹੁੰਚ ਵਾਲੀ ਕਵਿਤਾ ਕਿਸੇ ਪੂਰਵ ਨਿਸ਼ਚਿਤ ਦਰਸ਼ਨ, ਵਿਚਾਰਧਾਰਕ ਸਥਾਪਨਾ ਰੂਪਾਤਮਕ ਨੇਮ ਤੋਂ

ਮੁਕਤ ਹੋ ਕੇ ਨਿਰੰਤਰ ਗਤੀਸ਼ੀਲ ਮੌਲਿਕਤਾ ਸਿਰਜਦੀ ਹੈ। ਸੁਕੇਂਦਰਿਤ ਤੇ ਵਿਕੇਂਦਰਿਤ ਪਹੁੰਚ ਦੇ ਇਸ ਸੰਕਲਪ ਨੂੰ ਦੈਲਿਉਜ਼ ਤੇ ਗਾਟਰੀ ਨੇ ਆਪਣੇ ਖੋਜ ਪੱਤਰ Rhizome ਵਿਚ ਸੁਕੇਂਦਰਿਤ ਪਹੁੰਚ ਨੂੰ ਟਰੀ (Tree) ਅਤੇ ਵਿਕੇਂਦਰਿਤ ਪਹੁੰਚ ਨੂੰ ਗਰਾਸ (Grass) ਦੇ ਮਾਧਿਅਮ ਨਾਲ ਸਮਝਿਆ ਹੈ। ਉਨ੍ਹਾਂ ਅਨੁਸਾਰ ਟਰੀ (Tree) ਕਿਸੇ ਵਿਚਾਰ, ਰੂਪ ਜਾਂ ਸੰਕਲਪ ਨੂੰ ਸਥਾਪਿਤ ਕਰਦਾ ਹੈ ਅਤੇ ਇਸ ਤੋਂ ਪ੍ਰੇਰਿਤ ਤੇ ਪ੍ਰਭਾਵਿਤ ਸਿਰਜਣਾਵਾਂ ਇਸਦੀ ਛਾਇਆ ਹੇਠ ਪਾਲਦੀਆਂ ਹਨ ਜਦੋਂ ਕਿ ਗਰਾਸ ਨਿਰੰਤਰ ਗਤੀਸ਼ੀਲਤਾ ਨਾਲ ਜੁੜਿਆ ਹੋਇਆ ਹੈ।[1] ਟਰੀ ਦੀਆਂ ਸ਼ਾਖਾਵਾਂ, ਪੱਤੇ ਆਦਿ ਕਿਸੇ-ਨਾ-ਕਿਸੇ ਰੂਪ ਵਿਚ ਸਥਾਪਿਤ ਕੇਂਦਰ ਨਾਲ ਜੁੜੇ ਹੋਏ ਹਨ ਜਦਕਿ ਗਰਾਸ ਧਰਤਮੁਖ ਬਹੁ-ਦਿਸ਼ਾਵੀ ਫੈਲਾਉ ਪ੍ਰਾਪਤ ਕਰਦਾ ਹੈ। ਕਿਸੇ ਇਕ ਵਿਚਾਰਧਾਰਾ, ਦਰਸ਼ਨ, ਸੰਕਲਪ ਜਾਂ ਰੂਪਗਤ ਵਿਸ਼ੇਸ਼ਤਾਵਾਂ ਨੂੰ ਸਰੋਤ ਵਾਂਗ ਗ੍ਰਹਿਣ ਕਰਨ ਵਾਲੀ ਜਾਂ ਇਸ ਤੋਂ ਪ੍ਰੇਰਿਤ ਕਵਿਤਾ ਟਰੀ ਦੀ ਪ੍ਰਕਿਰਤੀ ਦੀ ਹੈ। ਇਸੇ ਕਰਕੇ ਇਸਦੀ ਸੁਹਜਾਤਮਕਤਾ ਜਾਂ ਮੌਲਿਕਤਾ ਸੰਦੇਹਪੂਰਨ ਰਹਿੰਦੀ ਹੈ।

ਗਰਾਸ-ਨੁਮਾ ਕਵਿਤਾ ਫੈਲਵੀਂ ਹੁੰਦੀ ਹੈ। ਇਸਦੀ ਇਕੋ-ਇਕ ਅੰਤਿਮ ਵਿਆਖਿਆ ਨਹੀਂ ਕੀਤੀ ਜਾ ਸਕਦੀ ਹੈ। ਇਸਦੀ ਗਤੀਸ਼ੀਲਤਾ ਇਸਨੂੰ ਕਿਸੇ ਇਕਮੁਖੀ ਵਿਆਖਿਆ ਸੀਮਿਤ ਹੋਣ ਤੋਂ ਬਚਾਉਂਦੀ ਰਹਿੰਦੀ ਹੈ। ਇਹ ਕੋਈ ਪੂਰਵ ਨਿਸ਼ਚਿਤ ਉਦੇਸ਼ ਲੈ ਕੇ ਨਹੀਂ ਸਿਰਜੀ ਜਾਂਦੀ। ਇਸਦਾ ਸਿਰਜਣ ਅਨੁਭਵੀ ਛਿਣ ਵਿਚੋਂ ਹੋਂਦ ਗ੍ਰਹਿਣ ਕਰਦਾ ਹੈ। ਇਹ ਆਪਣੀ ਸੰਰਚਨਾਤਮਕ ਬਣਤਰ ਵਿਚ ਸਾਵਧਾਨ ਨਹੀਂ ਹੁੰਦੀ। ਇਸਦੀ ਸਹਿਜਤਾ ਵਿਚੋਂ ਹੀ ਇਸਦੀ ਮੌਲਿਕਤਾ ਪਛਾਣੀ ਜਾ ਸਕਦੀ ਹੈ। ਅਜਿਹੀ ਕਵਿਤਾ ਪੂਰਵ ਪ੍ਰਾਪਤ ਦੇ ਸਨਮੁਖ ਨਵੀਨਤਾ ਰੱਖ ਦਿੰਦੀ ਹੈ। ਇਸੇ ਕਰਕੇ ਵਿਕੇਂਦਰਿਤ ਪਹੁੰਚ ਵਾਲੀ ਕਵਿਤਾ ਨੂੰ ਕਿਸੇ ਨਿਸ਼ਚਿਤ ਧਾਰਾ ਜਾਂ ਵਾਦ ਨਾਲ ਨਹੀਂ ਜੋੜਿਆ ਜਾ ਸਕਦਾ। ਅਜਿਹਾ ਨਹੀਂ ਕਿ ਇਸ ਵਿਚ ਕੋਈ ਸਮਾਜਿਕ ਸੂਝ ਜਾਂ ਵਿਚਾਰ ਨਹੀਂ ਹੁੰਦਾ ਸਗੋਂ ਇਸਦਾ ਅਰਥ ਇਹ ਹੈ ਕਿ ਕਵੀ ਅਜਿਹੀ ਕਵਿਤਾ ਦੇ ਸਿਰਜਣ ਵਿਚ ਅਚੇਤ ਸਿਰਜਣਾਤਮਕ ਅਮਲ ਵਿਚ ਪਇਆ ਹੁੰਦਾ ਹੈ।

ਕਾਵਿ-ਭਾਸ਼ਾ ਕਾਵਿ-ਸੁਹਜ ਦਾ ਬੁਨਿਆਦੀ ਆਧਾਰ ਹੈ ਬਾਕੀ ਦੀਆਂ ਕਾਵਿ-ਜੁਗਤਾਂ ਇਸ ਦੀਆਂ ਸਹਾਇਕ ਉਪ-ਅੰਗ ਬਣ ਕੇ ਹੀ ਪੇਸ਼ ਹੁੰਦੀਆਂ ਹਨ। ਅਸਲ ਵਿਚ ਕਾਵਿ ਦੇ ਸੁਹਜ ਦਾ ਆਧਾਰ ਆਮ ਬੋਲਚਾਲੀ ਭਾਸ਼ਾ ਤੋਂ ਵੱਖਰਤਾ ਸਿਰਜਣ ਵਾਲੀ ਕਾਵਿ-ਭਾਸ਼ਾ ਵਿਚ ਹੀ ਨਿਹਿਤ ਹੁੰਦਾ ਹੈ। ਇਹ ਕਾਵਿ-ਭਾਸ਼ਾ ਹੀ ਹੈ ਜੋ ਕਾਵਿ ਨੂੰ ਕਾਵਿ ਬਣਾਉਂਦੀ ਹੈ। ਕਾਵਿ-ਭਾਸ਼ਾ ਆਪਣਾ ਸ਼ਬਦ ਭੰਡਾਰ ਤਾਂ ਸਧਾਰਣ ਬੋਲਚਾਲੀ ਭਾਸ਼ਾ ਤੋਂ ਅਖਜ਼ ਕਰਦੀ ਹੈ ਪਰ ਉਸਦੀ ਵਿਲੱਖਣਤਾ ਇਸ ਸ਼ਬਦ ਭੰਡਾਰ ਦੀ ਵਿਸ਼ੇਸ਼ੀਕ੍ਰਿਤ ਵਰਤੋਂ ਕਰਕੇ ਸਥਾਪਿਤ ਹੁੰਦੀ ਹੈ। ਕਾਵਿ-ਭਾਸ਼ਾ ਸ਼ਬਦਾਂ ਦੀ ਅਜਿਹੇ ਢੁੱਕਵੇਂ ਤਰੀਕੇ ਨਾਲ ਵਰਤੋਂ/ਸਿਰਜਣਾ ਕਰਦੀ ਹੈ ਕਿ ਸਧਾਰਣ ਸ਼ਬਦ ਨਵਾਂ ਸੰਦਰਭ ਤੇ ਸਾਰਥਕਤਾ ਗ੍ਰਹਿਣ ਕਰ ਜਾਂਦੇ ਹਨ ਜਾਂ ਇਉਂ ਕਹੀਏ ਕਿ ਸ਼ਬਦਾਂ ਦੀ ਵਿਲੱਖਣ ਢੰਗ ਨਾਲ ਵਰਤੋਂ ਕਰਕੇ ਹੀ ਕਵੀ ਇਸਨੂੰ ਸੁਹਜਾਤਮਕ ਰੰਗ ਵਿਚ ਰੰਗ ਦਿੰਦਾ ਹੈ। ਕਵੀ ਹੀ ਭਾਸ਼ਾ ਨੂੰ ਸਮਰੱਥ ਰੂਪ ਵਿਚ ਸਿਰਜਦਾ ਹੈ। ਉਹ ਭਾਸ਼ਾ ਨੂੰ ਬਦਲਦਾ ਨਹੀਂ ਬਲਕਿ ਉਸ ਦੀਆਂ ਨਵੀਆਂ ਤੇ ਅਪਾਰ ਸੰਭਾਵਨਾਵਾਂ ਸਿਰਜਦਾ ਹੈ। ਕਾਵਿ-ਭਾਸ਼ਾ ਦੀ ਸੁਹਜਾਤਮਕਤਾ ਇਸਦੀ ਸਮੁੱਚਤਾ ਵਿਚ ਹੀ ਨਿਹਿਤ ਹੁੰਦੀ ਹੈ। ਇਸਦੀ ਸੁਹਜਾਤਮਕਤਾ ਇਸਦੀ ਖਿੰਡਵੀਂ ਅਤੇ ਪੰਗਤੀਨੁਮਾ ਸੰਰਚਨਾ ਵਿਚ ਨਹੀਂ ਸਗੋਂ ਸੰਰਚਨਾ ਦੇ ਸਮੁੱਚੇ ਅਤੇ ਬੱਝਵੇਂ ਪ੍ਰਭਾਵ ਵਿਚ ਨਿਹਿਤ ਹੁੰਦੀ ਹੈ। ਕਾਵਿ ਦੀ ਸੁਹਜਾਤਮਕਤਾ ਨੂੰ ਕਿਸੇ ਇਕ ਅੰਸ਼ ਜਾਂ ਇਕਾਈ ਵਿਚ ਸਥਾਪਿਤ ਜਾਂ ਸਥਿਰ ਨਹੀਂ ਕੀਤਾ ਜਾ ਸਕਦਾ।

ਕਵੀ ਆਮ ਵਿਅਕਤੀਆਂ ਨਾਲੋਂ ਵੱਧ ਸੰਵੇਦਨਸ਼ੀਲ ਤੇ ਚਿੰਤਨਸ਼ੀਲ ਹੁੰਦਾ ਹੈ। ਉਹ ਜਲਦੀ ਹੀ ਕਿਸੇ ਨਾ ਕਿਸੇ ਚੀਜ਼ ਦਾ ਪ੍ਰਭਾਵ ਤੇ ਪ੍ਰਤੱਖਣ ਗ੍ਰਹਿਣ ਕਰ ਲੈਂਦਾ ਹੈ। ਉਸਦੀ ਸਿਰਜਣ ਪ੍ਰਕਿਰਿਆ ਵਿਚ ਭਾਵੇਂ ਉਸਦੇ ਅਚੇਤ-ਸੁਚੇਤ ਸਿਰਜਣਾਤਮਕ ਅਮਲ ਸ਼ਾਮਿਲ ਹੁੰਦੇ ਹਨ ਪਰ ਕਾਵਿ ਲਈ ਅਚੇਤ ਸਿਰਜਣਾਤਮਕਤਾ ਵਧੇਰੇ ਸਸ਼ਕਤ ਮੰਨੀ ਜਾਂਦੀ ਹੈ। ਪੂਰਨ ਸਿੰਘ ਦੇ ਸ਼ਬਦਾਂ ਅਨੁਸਾਰ, 'ਹਰ ਹੁਨਰ ਵਿਚ, ਕੁਦਰਤ ਦੇ ਦਿਲ ਵਿਚ ਰਹਿੰਦੇ ਕਵੀ-ਕਰਤਾਰਾਂ ਨੂੰ ਪਤਾ ਹੈ, ਕਿ ਹਰ ਸੋਹਣੀ ਚੀਜ਼ (ਭਾਵੇਂ ਕਵਿਤਾ, ਭਾਵੇਂ ਚਿਤ੍ਰ, ਭਾਵੇਂ ਬੁੱਤ) ਦੇ ਆਵੇਸ਼, ਆਗਮਨ ਤੇ ਨਿਖਰਨ ਦੀ ਆਪਣੀ ਆਪਣੀ ਸੰਜੋਗੀ ਘੜੀ ਹੁੰਦੀ ਹੈ, ਜਦ ਓਹਦਾ ਅੰਦਰਲਾ ਰਸ ਬੱਝਦਾ ਹੈ।'[2]

ਇਸ ਦ੍ਰਿਸ਼ਟੀ ਤੋਂ ਕਾਵਿ ਸਿਰਜਣ ਪ੍ਰਕਿਰਿਆ ਨੂੰ ਨਿਮਨਅੰਕਿਤ ਦੋ ਵਰਗਾਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ:

| | |
|---|---|
| ਸੁਚੇਤ | ਅਚੇਤ |
| ਪੈਟਰਨ-ਯੁਕਤ | ਪੈਟਰਨ-ਮੁਕਤ |
| ਬੁੱਧੀਪਰਕ | ਆਵੇਸ਼ੀ |
| ਰਚਨਾਤਮਕ | ਸਿਰਜਣਾਤਮਕ |
| ਸਜਤਨ/ਸਜਾਵਟੀ | ਸਹਿਜ |
| ਸਾਂਸਕ੍ਰਿਤਕ ਸੰਰਚਨਾ | ਪ੍ਰਕਿਰਤਕ ਸੰਰਚਨਾ |
| ਬੌਧਿਕ/ ਵਿਚਾਰ | ਅਨੁਭਵੀ |

ਉਪਰੋਕਤ ਦੋ ਵਰਗਾਂ ਵਿਚੋਂ ਸੁਹਜ-ਸ਼ਾਸਤਰੀ ਅਧਿਐਨ ਵਿਧੀ ਸੱਜੇ ਪਾਸੇ ਅੰਕਿਤ ਵਰਗ ਨੂੰ ਕਾਵਿ ਸੁਹਜ ਨੂੰ ਵਧੇਰੇ ਯੋਗ ਮੰਨਦੀ ਹੈ। ਇਸ ਅਨੁਸਾਰ ਅਚੇਤ, ਆਵੇਸ਼-ਨੁਮਾ ਸਹਿਜ ਤੇ ਅਨੁਭਵੀ ਕਵਿਤਾ ਨੂੰ ਸੁਹਜ ਅਨੁਸਾਰੀ ਸਵੀਕਾਰਿਆ ਜਾ ਸਕਦਾ ਹੈ।

ਕਾਵਿ ਸੁਹਜ ਨੂੰ ਪਛਾਣਨ ਲਈ ਚਿਹਨ ਵਿਗਿਆਨਕ ਅਧਿਐਨ ਵਿਧੀ ਨੇ ਵੀ ਕੁਝ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ। ਇਸ ਵਿਧੀ ਅਨੁਸਾਰ ਚਿਹਨਕੀ ਪ੍ਰਕਿਰਿਆ ਵਿਚ ਪਈ ਹੋਈ ਕਵਿਤਾ ਸੁਹਜਾਤਮਕ ਤੌਰ 'ਤੇ ਵਧੇਰੇ ਸਮਰੱਥਾਵਾਨ ਹੁੰਦੀ ਹੈ। ਅਭਿਧਾ ਜਾਂ ਚਿਹਨਤੀ ਪੱਧਰ 'ਤੇ ਵਿਚਰਦੀ ਕਵਿਤਾ ਸੁਹਜਾਤਮਕ ਤੌਰ 'ਤੇ ਥਿੜਕ ਜਾਂਦੀ ਹੈ ਕਿਉਂਕਿ ਇਸ ਵਿਚ ਸ਼ਬਦ ਤੇ ਅਰਥ ਦਾ ਸੰਬੰਧ ਸਰਲੀਕ੍ਰਿਤ ਤੇ ਸਿੱਧਾ-ਸਪਾਟ ਹੁੰਦਾ ਹੈ। ਅਜਿਹੀ ਕਵਿਤਾ ਦੇ ਅਰਥ ਤੱਕ ਪਹੁੰਚਣ ਲਈ ਪਾਠਕ ਨੂੰ ਤਰੱਦਦ ਵਿਸ਼ੇਸ਼ ਨਹੀਂ ਕਰਨਾ ਪੈਂਦਾ ਕਿਉਂਕਿ ਇਹ ਏਕਾਰਥੀ ਸੁਭਾਉ ਵਾਲੀ ਹੁੰਦੀ ਹੈ। ਦੂਜੇ ਪਾਸੇ ਸ਼ੁੱਧ ਚਿਹਨਕੀ ਪੱਧਰ 'ਤੇ ਕਵਿਤਾ ਅਸੀਮ ਅਰਥ ਸੰਭਾਵਨਾਵਾਂ ਜਗਾਉਂਦੀ ਹੈ। ਕਵਿਤਾ ਦੀ ਇਸ ਚਿਹਨਕੀ ਵਿਸ਼ੇਸ਼ਤਾ ਬਾਰੇ ਰਿਫ਼ਾਤਰੇ ਨੇ ਕਿਹਾ ਹੈ ਕਿ 'ਕਵਿਤਾ ਸੰਕਲਪਾਂ ਅਤੇ ਵਸਤਾਂ ਨੂੰ ਪਰੋਖ ਰੂਪ ਵਿਚ ਅਭਿਵਿਅੰਜਤ ਕਰਦੀ ਹੈ ਜਾਂ ਇਹ ਕਹੀਏ ਕਿ ਕਵਿਤਾ ਕਹਿੰਦੀ ਕੁਝ ਹੋਰ ਹੈ ਤੇ ਅਰਥ ਕੁਝ ਹੋਰ ਹੀ ਅਭਿਵਿਅਕਤ ਕਰਦੀ ਹੈ।'[3] ਇਸੇ ਨੂੰ ਉਸ ਨੇ ਚਿਹਨਕੀ ਪ੍ਰਕਿਰਿਆ ਦਾ ਨਾਂ ਦਿੱਤਾ ਹੈ। ਇਹ ਚਿਹਨਕੀ ਪ੍ਰਕਿਰਿਆ ਜਿੰਨੀ ਅਸੀਮ ਹੁੰਦੀ

www.ignited.in

ਜਾਵੇਗੀ ਕਵਿਤਾ ਉੱਨੀ ਸੁਹਜਮਈ ਸੰਭਾਵਨਾ ਵਾਲੀ ਹੋਣ ਵੱਲ ਵਧਦੀ ਜਾਵੇਗੀ।

ਕਾਵਿ ਸਮੀਖਿਆਕਾਂ ਨੇ ਪ੍ਰਤੀਕ ਨੂੰ ਕਾਵਿ ਸਿਰਜਣਾ ਦਾ ਮੂਲ ਆਧਾਰ ਮੰਨਿਆ ਹੈ। ਪ੍ਰਤੀਕ ਹੀ ਕਵਿਤਾ ਹੈ ਤੇ ਪ੍ਰਤੀਕ ਹੀ ਸਿਰਜਣਾ ਹੈ। ਪ੍ਰਤੀਕ ਸਿਰਜਣਾ ਵਿਚ ਪਈ ਕਵਿਤਾ ਕਰਣ ਦਾ ਅਨੁਕਰਣ ਕਰਨ ਵਾਲੀਆ ਪ੍ਰਕਿਰਿਆਵਾਂ ਤੋਂ ਪਾਰ ਜਾਂਦੀ ਹੈ ਕਿਉਂਕਿ ਕਰਣ ਦਾ ਅਨੁਕਰਣ ਪ੍ਰਤੀਕ ਨਹੀਂ ਕਥਨ ਹੁੰਦਾ ਹੈ। ਇਸ ਵਿਚ ਸਿਰਜਣਾ ਦੀਆਂ ਸੰਭਾਵਨਾਵਾਂ ਨਹੀਂ ਹੁੰਦੀਆਂ। ਪ੍ਰਤੀਕ ਕੋਲ ਅਜਿਹੀ ਕਰਤਾਰੀ ਸ਼ਕਤੀ ਹੁੰਦੀ ਹੈ ਕਿ ਇਹ ਸਥੂਲਤਾ ਜਾਂ ਸਮੂਰਤਨ ਵਿਚ ਪਈਆਂ ਵਸਤਾਂ ਨੂੰ ਸੁਖਮਤਾ ਵਿਚ ਢਾਲ ਦਿੰਦਾ ਹੈ। ਪ੍ਰਤੀਕ ਦੀ ਸਾਰੀ ਗਤੀਵਿਧੀ ਮਾਨਸਿਕ ਹੈ। ਸਥੂਲ ਤੋਂ ਉਠ ਕੇ ਮਾਨਸਿਕ ਯਾਤਰਾ ਵਿਚ ਪਈ ਸਿਰਜਣਾ ਪ੍ਰਤੀਕ ਆਧਾਰੀ ਹੋ ਨਿਬੜਦੀ ਹੈ ਜਾਂ ਇਉਂ ਕਹੀਏ ਕਿ ਸਥੂਲ ਭੌਤਿਕ ਜਗਤ ਦਾ ਅਨੁਭਵ ਪ੍ਰਤੀਕ ਸਿਰਜਣਾ ਤੋਂ ਬਿਨਾਂ ਕਾਵਿ ਰੂਪਾਂਤਰਣ ਦਾ ਦਰਜਾ ਹਾਸਲ ਨਹੀਂ ਕਰ ਸਕਦਾ ਹੈ। ਪ੍ਰਤੀਕ ਵਿਚ ਸ਼ਿਲਪੀ-ਜੁਗਤਾਂ ਨਾਲੋਂ ਮੌਲਿਕ ਅਨੁਭਵ ਦੀ ਸਾਰਥਿਕਤਾ ਦਾ ਹੋਣਾ ਜ਼ਰੂਰੀ ਹੈ। ਮਹਿਜ਼ ਸ਼ਿਲਪੀ-ਜੁਗਤਾਂ ਨਾਲ ਪ੍ਰਤੀਕ ਆਧਾਰੀ ਅਨੁਭਵੀ ਗਤੀਸ਼ੀਲਤਾ ਤੱਕ ਨਹੀਂ ਪਹੁੰਚਿਆ ਜਾ ਸਕਦਾ ਜਾਂ ਇਉ ਕਹੀਏ ਕਿ ਸੁਹਜ ਦਾ ਆਧਾਰ ਸ਼ਿਲਪੀ-ਜੁਗਤਾਂ ਨਹੀਂ ਸਗੋਂ ਜੀਵਨ ਅਨੁਭਵ ਹੁੰਦਾ ਹੈ। ਵਸਤੂ-ਸੰਸਾਰ ਦੀ ਸੋਝੀ ਤੋਂ ਬਿਨਾਂ ਸੁਹਜ ਸਿਰਜਣਾ ਨਹੀਂ ਹੋ ਸਕਦੀ। ਵਸਤੂ ਸੰਸਾਰ ਤੇ ਸਿਰਜਕ ਸੰਸਾਰ ਦਾ ਟਕਰਾਉ ਸੁਹਜ ਸਿਰਜਣਾ ਦਾ ਆਧਾਰ ਬਣਦਾ ਹੈ। ਜਿਉਂ-ਜਿਉਂ ਕੋਈ ਰਚਨਾ ਵਸਤੂ ਸੰਸਾਰ ਤੇ ਸਿਰਜਿਤ ਸੰਸਾਰ ਦੋਹਾਂ ਵਿਚੋ ਕੇਵਲ ਵਸਤੂ ਸੰਸਾਰ ਵੱਲ ਉਲਾਰ ਹੁੰਦੀ ਜਾਵੇਗੀ ਤਿਉਂ-ਤਿਉਂ ਇਹ ਪ੍ਰਤੀਕ ਸਿਰਜਣਾ ਦਾ ਸੁਹਜ ਤੋਂ ਵਿਰਵੀ (ਦੂਰ) ਹੁੰਦੀ ਜਾਵੇਗੀ। ਡਾ: ਤਰਲੋਕ ਸਿੰਘ ਕੰਵਰ ਅਨੁਸਾਰ, 'ਜਦੋਂ ਵਿਗਿਆਨਕ ਸੰਬੋਧ ਉੱਤੇ ਆਧਾਰਿਤ ਵਾਸਤਵਿਕਤਾ ਦੀ ਸਾਧਾਰਨਤਾ ਨੂੰ ਗਿਆਨ ਦੀਆਂ ਉਚੇਰੀਆਂ ਪ੍ਰਾਪਤੀਆਂ ਲਈ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਵਿਗਿਆਨਧਾਰੀ ਭੌਤਿਕਤਾ ਦੇ ਖੇਤਰ ਤੋਂ ਵੱਖਰੀਆਂ ਹੋ ਜਾਂਦੀਆਂ ਹਨ ਤੇ ਹੋਂਦ ਦੇ ਮਾਨਸਿਕ ਅਰਥਾਤ ਮਨੁੱਖੀ ਵਿਹਾਰ ਦੀਆਂ ਭਾਵਨਾਤਮਕ ਸਥਿਤੀਆਂ ਨੂੰ ਉਜਾਗਰ ਕਰਨ ਵਾਲੇ ਜਗਤ ਵਿਚ ਵਿਚਰਨ ਲਗਦੀਆਂ ਹਨ ਤੇ ਇਨ੍ਹਾਂ ਦੁਆਰਾ ਵਿਸ਼ੇਸ਼ ਪ੍ਰਕਾਰ ਦਾ ਰੂਪ ਸਿਰਜਿਤ ਹੋ ਜਾਂਦਾ ਹੈ । ਇਹ ਰੂਪ ਪੁਰਾਣ-ਸਿਰਜਨ ਦਾ ਰੂਪਾਂਤ੍ਰਿਤ-ਪ੍ਰਤੱਖਧਾਰੀ ਰੂਪ ਹੀ ਹੈ। ਇਸ ਦੀ ਬੁਨਿਆਦ ਸੰਬੋਧ ਨਹੀਂ ਤੇ ਨਾ ਹੀ ਇਹ ਐਂਦਰੀਯਤਾ ਉਪਰ ਆਧਾਰਿਤ ਹੈ ਸਗੋਂ ਮਨੁੱਖੀ ਭਾਵਨਾਵਾਂ ਨੂੰ ਅੰਤਰ-ਅਨੁਭਵ ਦੇ ਆਧਾਰ ਉਤੇ ਵਸਤੂ-ਨਿਸ਼ਠ ਕਰਨ ਵਿਚ ਹੀ ਇਸਦੀ ਵਿਸ਼ੇਸ਼ਤਾ ਉਜਾਗਰ ਹੈ।'[4]

ਇਸੇ ਤਰ੍ਹਾਂ ਬਿੰਬ ਸਿਰਜਣਾ ਕਾਵਿ ਸੁਹਜ ਵਿਚ ਵਿਸ਼ੇਸ਼ ਮਹੱਤਵ ਦੀ ਲਖਾਇਕ ਹੈ। ਪ੍ਰਸਿੱਧ ਸੁਹਜ-ਸ਼ਾਸਤਰੀ ਚਿੰਤਕ ਕਾਂਤ ਦਾ ਮੱਤ ਹੈ ਕਿ ਮਾਨਵੀ ਚਿੰਤਨ ਜਾਂ ਤਾਂ ਚਿੱਤਰਾਂ ਵਿਚ ਸੋਚਦਾ ਹੈ ਜਾਂ ਸੰਕਲਪਾਂ ਵਿਚ। ਉਸ ਅਨੁਸਾਰ ਚਿੰਤਨ ਦੁਆਰਾ ਅੰਤਰ ਅਨੁਭਵ ਨਿਰੂਪਣ ਲੈਂਦਾ ਹੈ ਅਤੇ ਸੰਕਲਪ ਚਿੰਤਨ ਦੁਆਰਾ ਸਮੂਰਤ ਪ੍ਰਸਤਾਵ ਚਿੰਤਨ ਪ੍ਰਗਟ ਹੁੰਦਾ ਹੈ। ਬਿੰਬ ਚਿੰਤਨ ਸੰਵੇਦਨਾ ਦੀ ਉਪਜ ਹੈ। ਡਾ: ਤਰਲੋਕ ਸਿੰਘ ਕੰਵਰ ਅਨੁਸਾਰ, 'ਮਾਨਵੀ ਪ੍ਰਾਣ ਪ੍ਰਬੰਧ ਜਦੋਂ ਬਾਹਰਲੇ ਵਾਤਾਵਰਣ ਨਾਲ ਆਪਣਾ ਰਿਸ਼ਤਾ ਸਥਾਪਿਤ ਕਰਦਾ ਹੈ ਤਾਂ ਅਦਾਨ ਪ੍ਰਦਾਨ ਵਿਚੋਂ ਇਹ ਪ੍ਰਬੰਧ ਜਿਹੜੀ ਵੀ ਸੂਚਨਾ ਪ੍ਰਾਪਤ ਕਰਦਾ ਹੈ ਉਸ ਸੂਚਨਾ ਦਾ ਪ੍ਰਗਟਾਵਾ ਜਾਂ ਤਾਂ ਅਨੁਭਵੀ ਪੱਧਰ ਉਪਰ ਹੁੰਦਾ ਹੈ ਜਾਂ ਇੰਦ੍ਰਆਵੀਂ ਪੱਧਰ ਉੱਤੇ।'[5] ਇਸੇ ਤਰ੍ਹਾਂ ਉਸ ਨੇ ਬਿੰਬ ਨੂੰ ਚਿੱਤਰਸ਼ੀਲ ਬਿੰਬ ਅਤੇ ਵਿਚਿੱਤਰਣ ਬਿੰਬ ਵਿਧੀ ਵਿਚ ਵੰਡ ਕੇ ਦੇਖਿਆ ਹੈ। ਉਸ ਅਨੁਸਾਰ, 'ਚਿਤਰਸ਼ੀਲ ਬਿੰਬ ਉਸ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਵਸਤੂ ਦਾ ਇੰਦ੍ਰਿਆਵੀ ਅਨੁਕਰਣ ਪ੍ਰਸਤੁਤ ਕਰਦਾ ਹੈ। ਇਸ ਦਾ ਸੁਭਾ ਸਰਲ ਹੁੰਦਾ ਹੈ ਅਤੇ ਪ੍ਰਯੋਜਨ ਆਮ ਕਰਕੇ ਢੁੱਕਦੀ ਬਣਦੀ ਤੁਲਨਾ ਜਾਂ ਅਨੁਰੂਪ ਰੂਪਕ ਪ੍ਰਸਤੁਤ ਕਰਨਾ ਹੁੰਦਾ ਹੈ। ਜਦੋਂ ਵੀ ਕੋਈ ਕਵੀ ਆਪਣੀ ਕਾਵਿ-ਪ੍ਰਕ੍ਰਿਆ ਵਿਚ ਸੰਚਾਰ ਮੁੱਖ ਵਧੇਰੇ ਹੁੰਦਾ ਹੈ ਉਦੋਂ ਉਸ ਦਾ ਬਿੰਬ ਚਿੱਤਰਸ਼ੀਲ ਹੁੰਦਾ ਹੈ।'[6] ਇਸੇ ਤਰ੍ਹਾਂ ਵਿਚਿੱਤਰਣ ਬਿੰਬ ਭਾਵੇਂ ਆਪਣਾ ਆਗਾਜ਼ ਨਿਰੋਲ ਸੰਵੇਦਨਾਤਮਕ ਤੋਂ ਕਰਦਾ ਹੈ ਪਰ ਅੱਗੋ ਇਸਨੂੰ ਪ੍ਰਸਤਾਵੀ ਚਿੰਤਨ ਤੱਕ ਲੈ ਜਾਂਦਾ ਹੈ। ਗੁਰਬਾਣੀ ਵਿਚ ਬਿੰਬ ਦੀ ਪ੍ਰਕਿਰਤੀ ਇਸ ਗਿਆਨ ਆਧਾਰੀ ਪ੍ਰਸਤਾਵੀ ਚਿੰਤਨ ਵਿਚੋਂ ਹੋਂਦ ਗ੍ਰਹਿਣ ਕਰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਵਿਚ ਹਰਿਭਜਨ ਸਿੰਘ ਦੀ ਕਵਿਤਾ ਅਜਿਹੀ ਸਮਰੱਥਾ ਦਾ ਪ੍ਰਮਾਣ ਬਣਦੀ ਹੈ। ਇਸ ਤਰ੍ਹਾਂ ਮਹਿਜ਼ ਚਿੱਤਰਸ਼ੀਲ ਬਿੰਬ ਵਿਚ ਟਿਕੀ ਕਵਿਤਾ ਦੇ ਮੁਕਾਬਲੇ ਵਿਚਿੱਤਰਣਸ਼ੀਲ ਜਾਂ ਪ੍ਰਸਤਾਵੀ ਚਿੰਤਨ ਦੀ ਪੱਧਰ ਤੇ ਪਈ ਬਿੰਬ ਸਿਰਜਣਾ ਵਧੇਰੇ ਸਮਰੱਥਾ ਵਾਂਗ ਸੁਹਜ ਸਿਰਜਣਾ ਦੀ ਲਖਾਇਕ ਬਣਦੀ ਹੈ ਨਿਰੋਲ ਕਥਨ ਦੀ ਪੱਧਰ ਤੇ ਪਈ ਰਚਨਾ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ। ਉਦਾਹਰਣ ਵਜੋਂ:

ਸਾਬਣ ਲਾ ਲਾ ਧੋਤਾ ਕੋਲਾ,

ਦੁੱਧ ਦਹੀਂ ਵਿਚ ਪਾਇਆ।

ਖੁੰਬ ਚਾੜ੍ਹ, ਰੰਗਣ ਭੀ ਧਰਿਆ,

ਰੰਗ ਨ ਏਸ ਵਟਾਇਆ।

ਵਿਛੜ ਕੇ ਕਾਲਖ ਸੀ ਆਈ,

ਬਿਨੁ ਮਿਲਿਆਂ ਨਹੀਂ ਲਹਿੰਦੀ।

ਅੰਗ ਅੰਗ ਦੇ ਲਾਕੇ ਦੇਖੋ,

ਚੜ੍ਹਦਾ ਰੂਪ ਸਵਾਇਆ ।।[7]

ਅਨੁਭਵ ਕਵਿਤਾ ਦੀ ਮੂਲ ਆਧਾਰ ਸਮੱਗਰੀ ਬਣਦੇ ਹਨ। ਕਵੀ ਦਾ ਅਨੁਭਵ ਜਿੰਨਾ ਗਹਿਨ ਹੋਵੇਗਾ, ਕਵਿਤਾ ਸਿਰਜਣ ਵੀ ਉੱਨੀ ਗਹਿਰਾਈ ਵਿਚ ਪ੍ਰਗਟ ਹੋਵੇਗਾ। ਅਜਿਹਾ ਨਹੀਂ ਕਿ ਨਿਰੋਲ ਬਾਹਰੋਂ ਪ੍ਰਾਪਤ ਵਿਚਾਰ ਜਾਂ ਘਟਨਾ 'ਤੇ ਆਧਾਰਿਤ ਕਾਵਿ ਸਿਰਜਣ ਨਹੀਂ ਹੋ ਸਕਦੀ। ਸਗੋਂ ਇਸਦਾ ਭਾਵ ਤਾਂ ਇਹ ਹੈ ਕਿ ਅਨੁਭਵ ਹਮੇਸ਼ਾ ਵਿਚਾਰ/ਘਟਨਾ ਤੋਂ ਵਧੇਰੇ ਸਸ਼ਕਤ ਰੂਪ ਵਿਚ ਕਾਵਿ ਸਿਰਜਣਾ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਮਿਸਾਲ ਵਜੋਂ ਰੱਬ ਦੇ ਪਿਆਰ ਦੇ ਅਨੁਭਵ ਉਪਰ ਕਵਿਤਾ ਅਤੇ ਪਿਆਰ ਸੰਬੰਧੀ ਕਿਸੇ ਵਿਚਾਰ ਬਾਰੇ ਲਿਖੀਆਂ ਦੋ ਵੱਖੋ-ਵੱਖਰੀਆਂ ਕਾਵਿ ਵੰਨਗੀਆਂ ਨੂੰ ਦੇਖਿਆ ਜਾ ਸਕਦਾ ਹੈ। ਅਨੁਭਵ 'ਤੇ ਆਧਾਰਿਤ ਕਾਵਿ ਸਿਰਜਣਾ ਸਹਿਜ, ਸਤਿ ਦੇ ਨਿਕਟ ਤੇ ਅਭਿਵਿਅੰਜਤ ਪ੍ਰਕਿਰਤੀ ਦੀ ਹੁੰਦੀ ਹੈ। ਦੂਜੇ ਪਾਸੇ ਨਿਰੋਲ ਵਿਚਾਰ ਜਾਂ ਘਟਨਾ ਉਪਰ ਆਧਾਰਿਤ ਕਾਵਿ ਸਿਰਜਣਾ, ਬਣਾਵਟੀ ਅਸਹਿਜ ਤੇ ਉਪਰੇਪਨ ਦਾ ਪ੍ਰਭਾਵ ਸਿਰਜ ਸਕਦੀ ਹੈ। ਅਧਿਆਤਮ ਦੇ ਰੰਗ ਵਿਚ ਰੰਗਿਆ ਕਵੀ ਅਧਿਆਤਮ ਸੰਬੰਧੀ ਵਧੇਰੇ ਸਮਰੱਥਾਵਾਨ ਕਾਵਿ ਸਿਰਜਣਾ ਕਰ ਸਕਦਾ ਹੈ। ਦੂਜੇ ਪਾਸੇ ਅਧਿਆਤਮ ਦੇ ਅਨੁਭਵ ਤੋਂ ਵਿਹੂਣਾ ਕਵੀ ਇਕ ਵਿੱਥ ਤੇ ਖਲੋ ਕੇ ਅਧਿਆਤਮ ਬਾਰੇ ਆਪਣੀ ਪ੍ਰਤੀਕਿਰਿਆ ਦੇ ਸਕਦਾ ਹੈ। ਮਜ਼ਦੂਰ ਦੇ ਜੀਵਨ ਉਪਰ ਹੱਡੀਂ ਹੰਢਾਇਆ ਅਨੁਭਵ ਮਜ਼ਦੂਰ ਕਵੀ ਵਧੇਰੇ ਬਿਹਤਰ ਢੰਗ ਨਾਲ ਦੇ

www.ignited.in

ਸਕਦਾ ਹੈ, ਮਜ਼ਦੂਰ ਦੇ ਅਨੁਭਵ ਨਾਲ ਦੂਰ ਨੇੜੇ ਨਾਲ ਵਾਹ-ਵਾਸਤਾ ਨਾ ਕਰਨ ਵਾਲਾ ਵਿਅਕਤੀ/ਕਵੀ ਇਸਦੀ ਪੂਰੀ ਤਰ੍ਹਾਂ ਥਾਹ ਨਹੀਂ ਪਾ ਸਕਦਾ। ਸਮੁੰਦਰ ਵਿਚ ਡੁੱਬਣ ਵਾਲਾ ਵਿਅਕਤੀ ਸਮੁੰਦਰ ਦੀ ਡੂੰਘਾਈ ਦਾ ਨਿਰਣਾ ਕਰ ਸਕਦਾ ਹੈ। ਸਮੁੰਦਰ ਦੇ ਕਿਨਾਰੇ ਬੈਠਾ ਵਿਅਕਤੀ ਸਮੁੰਦਰ ਬਾਰੇ ਕੇਵਲ ਕਿਆਸ ਹੀ ਕਰ ਸਕਦਾ ਹੈ।

ਕਾਵਿ ਸੁਹਜ ਦੀ ਪਛਾਣ ਲਈ ਰੂਸੀ ਰੂਪਵਾਦੀਆ ਦੁਆਰਾ ਸਮੀਖਿਆ ਜਗਤ ਨੂੰ ਦਿੱਤਾ। ਅਜਨਬੀਕਰਨ ਦਾ ਸੰਕਲਪ ਵੀ ਕਾਫ਼ੀ ਸਹਾਇਤਾ ਕਰ ਸਕਦਾ ਹੈ। ਵਸਤੂ ਯਥਾਰਥ ਦਾ ਪ੍ਰਤੱਖਣ ਰੌਚਕਤਾ ਨੂੰ ਕੁੰਠਿਤ ਕਰਦਾ ਹੈ। ਵਸਤੂ ਸੰਸਾਰ ਦਾ ਨਿੱਤ ਦਾ ਪ੍ਰਤੱਖਣ ਸਾਨੂੰ ਆਦੀ ਬਣਾਉਂਦਾ ਹੈ ਪਰ ਕਵੀ ਆਪਣੀ ਸਿਰਜਣਾ ਨਾਲ ਇਸ ਕੁੰਠਿਤ ਯਥਾਰਥ ਦੇ ਪ੍ਰਤੱਖਣ ਨੂੰ ਅਜਨਬੀਕ੍ਰਿਤ ਕਰਕੇ ਇਸ ਵੱਲ ਸਾਡਾ ਧਿਆਨ ਮੁੜ ਆਕਰਸ਼ਿਤ ਕਰਦਾ ਹੈ। ਆਕਰਸ਼ਣ ਸੁਹਜ ਸਿਰਜਣਾ ਦਾ ਬੁਨਿਆਦੀ ਨੇਮ ਹੈ। ਜਿਹੜੀ ਕਾਵਿ ਰਚਨਾ ਕੁੰਠਿਤ ਹੋਏ ਪ੍ਰਤੱਖਣ ਨੂੰ ਜਿਉਂ ਦਾ ਤਿਉਂ ਮੁੜ ਸਿਰਜਣਾ ਵਿਚ ਲਿਆਉਣ ਦਾ ਭਰਮ ਪਾਲਦੀ ਹੈ, ਉਹ ਪੀਠੇ ਨੂੰ ਮੁੜ ਪੀਸਦੀ ਹੋਈ ਸਿਰਜਣਾਤਮਕਤਾ ਦੀ ਥਾਂ ਰਚਨਾਤਮਕਤਾ ਵਾਲੇ ਪਾਸੇ ਵਧੇਰੇ ਖਲੋਂਦੀ ਹੈ। ਸਿਰਜਣਾ ਲਈ ਨਵੀਨਤਾ ਜਾਂ ਅਜਨਬੀਕ੍ਰਿਤ ਹੋਣਾ ਲਾਜ਼ਮੀ ਹੈ। ਇਸ ਆਧਾਰ ਉਪਰ ਕਾਵਿ ਦੇ ਸੁਹਜ-ਸ਼ਾਸਤਰੀ ਨਿਯਮ ਦੀ ਪਛਾਣ ਕੀਤੀ ਜਾ ਸਕਦੀ ਹੈ।

ਸੁਹਜਾਤਮਕ ਕਵਿਤਾ ਦਾ ਆਧਾਰ ਵਿਅੰਗ ਵਿਧੀ ਹੈ। ਇਥੇ ਕਵੀ ਦਾ ਧਿਆਨ ਕਿਸੇ-ਨਾ-ਕਿਸੇ ਊਣਤਾਈ ਵੱਲ ਇਸ਼ਾਰਾ ਕਰਨ ਵੱਲ ਹੁੰਦਾ ਹੈ। ਸਮਾਜਕ ਯਥਾਰਥ ਦੀ ਸਿੱਧੀ-ਸਪਾਟ ਪੇਸ਼ਕਾਰ ਕਰਨ ਵਾਲੀ ਕਵਿਤਾ ਵਧੇਰੇ ਕਰਕੇ ਇਸੇ ਕਿਸਮ ਦੀ ਹੈ। ਅਜਿਹੀ ਕਵਿਤਾ ਦਾ ਸੁਭਾਉ ਸ਼ਿਕਾਇਤੀ ਹੁੰਦਾ ਹੈ। ਵਿਅੰਗ ਕਵਿਤਾ ਦੀ ਕੋਮਲਤਾ ਨੂੰ ਠੇਸ ਪਹੁੰਚਾਉਂਦਾ ਹੈ। ਵਿਅੰਗ ਕਿਸੇ-ਨਾ-ਕਿਸੇ ਵਿਚਾਰ ਜਾਂ ਸੰਕਲਪ ਤੋਂ ਪ੍ਰੇਰਿਤ ਹੁੰਦਾ ਹੈ। ਕਾਵਿ ਆਨੰਦ ਦੀ ਥਾਂ ਕੁੱੜਤਣ ਵਧੇਰੇ ਜ਼ੋਰ ਪਕੜ ਲੈਂਦੀ ਹੈ।

ਅਜੋਕੀ ਸਮੀਖਿਆ ਵਿਚ ਕਾਵਿ ਸੁਹਜ ਦਾ ਘੇਰਾ ਵਸੀਹ ਹੋਇਆ ਹੈ ਇਸ ਵਿਚ ਕਾਵਿ ਸੁਹਜ ਹੁਣ ਨਾ ਤਾਂ ਨਿਰੀ ਸ਼ਾਬਦਿਕ ਸੁਹਜ ਸੀਮਾ ਤੱਕ ਸੀਮਿਤ ਹੈ ਅਤੇ ਨਾ ਹੀ ਇਹ ਸਮਾਜਕ ਯਥਾਰਥ ਦਾ ਕੇਵਲ ਤੇ ਕੇਵਲ ਅਨੁਕਰਣ ਜਾਂ ਇਸ ਵਿਚ ਕੋਈ ਪਰਿਵਰਨਸ਼ੀਲ ਭੂਮਿਕਾ ਨਿਭਾਉਣ ਵਾਲੀ ਸ਼ੈਅ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਸੁਹਜ ਦਾ ਅਜੋਕਾ ਸੰਕਲਪ ਸਾਹਿਤ ਪਾਠ ਦੀ ਹੋਂਦ ਅਤੇ ਇਸ ਤੋਂ ਬਾਹਰ ਪਏ ਯਥਾਰਥ ਦੀ ਸੰਵਾਦੀ ਤੇ ਸੰਤੁਲਿਤ ਪਹੁੰਚ ਵਿਚੋਂ ਪਛਾਣਿਆ ਜਾ ਸਕਦਾ ਹੈ। ਸੁਹਜ ਸੰਬੰਧੀ ਅਜਿਹੀ ਸਮੱਗਰ ਪਹੁੰਚ ਉਤਰ ਆਧੁਨਿਕਤਾਵਾਦੀ ਤੇ ਉਤਰ ਸੰਰਚਨਾਵਾਦੀ ਚਿੰਤਕਾਂ ਦੁਆਰਾ ਭਰਵੇਂ ਰੂਪ ਵਿਚ ਚਿੰਤਨ ਦਾ ਵਿਸ਼ਾ ਬਣਾਈ ਗਈ ਹੈ। ਖਾਸ ਕਰਕੇ ਦੈਰੀਦਾ ਦੀਆਂ ਲਿਖਤਾਂ ਇਸ ਦਿਸ਼ਾ ਵਿਚ ਸਾਡਾ ਮਾਰਗ ਦਰਸ਼ਨ ਕਰ ਸਕਦੀਆਂ ਹਨ। ਦੈਰੀਦਾ ਨੇ ਸਾਹਿਤ ਪਾਠ ਤੇ ਸਮਾਜ ਪਾਠ ਦਾ ਅੰਤਰ ਮੇਟ ਕੇ ਇਨ੍ਹਾਂ ਦੋਵਾਂ ਨੂੰ ਕੇਵਲ ਇਕ ਸਮੱਗਰ ਪਾਠ ਦੇ ਰੂਪ ਵਿਚ ਦੇਖਣ ਦੀ ਜਾਚ ਸਿਖਾਈ ਹੈ। ਉਸ ਨੇ ਪਾਠ ਦੀ ਥਾਂ ਹੋਂਦ ਨੂੰ ਵਿਸ਼ਾਲ ਪਰਿਪੇਖ ਵਿਚ ਦੇਖਿਆ ਹੈ। ਉਸ ਅਨੁਸਾਰ ਸੁਹਜ ਸਾਹਿਤ ਤੇ ਸਮਾਜ ਦਰਮਿਆਨ ਵਾਪਰਦੇ ਚਿਹਨਾਂ ਦੀ ਗਤੀਸ਼ੀਲ ਪਲੇਅ ਹੈ।

ਇਸ ਤਰ੍ਹਾਂ ਇਸ ਅਧਿਆਇ ਵਿਚ ਸੁਹਜ ਦੇ ਸੰਕਲਪ ਦੀ ਇਤਿਹਾਸਕਤਾ ਦੇ ਪਛਾਨਣ ਦੇ ਨਾਲ ਨਾਲ ਸੁਹਜ ਸੰਬੰਧੀ ਸੰਕਲਪਕ ਪਹੁੰਚਾਂ ਤੋਂ ਵੀ ਸੇਧ ਲਈ ਗਈ ਹੈ ਲਗਭਗ ਹਰ ਸੁਹਜ-ਸ਼ਾਸਤਰੀ ਚਿੰਤਕ ਨੇ ਆਪੋ ਆਪਣੇ ਵਿਤ ਤੇ ਸਮਰੱਥਾ ਅਨੁਸਾਰ ਸੁਹਜ ਸੰਬੰਧੀ ਧਾਰਨਾਵਾਂ ਨਾਲ ਕਾਵਿ ਪਾਠ ਦੀ ਹੋਂਦ ਨੂੰ ਪਛਾਣਿਆ ਜਾ ਸਕਦਾ ਹੈ ਪਰ ਇਹ ਵੀ ਸੱਚ ਹੈ ਕਿ ਸਮਸਤ ਸੁਹਜ-ਸ਼ਾਸਤਰੀ ਅਧਿਐਨ ਵਿਧੀਆ ਜਾਂ ਸੰਕਲਪ ਮਿਲ ਕੇ ਵੀ ਕਾਵਿ ਦੇ ਅੰਤਿਮ ਸਤਿ ਤੱਕ ਨਹੀਂ ਪਹੁੰਚ ਸਕਦੀਆਂ। ਕਾਵਿ ਦਾ ਅਸਤਿਤਵ ਅਧਿਐਨ ਵਿਧੀਆਂ ਜਾਂ ਸੰਕਲਪਾਂ ਤੋਂ ਕਿਤੇ ਵਿਸ਼ਾਲ ਹੁੰਦਾ ਹੈ। ਅਜਿਹੀ ਸਮੱਗਰ ਪਹੁੰਚ ਲੈ ਕੇ ਹੀ ਬਰਤਾਨਵੀ ਪੰਜਾਬੀ ਕਾਵਿ ਪਾਠਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

## ਹਵਾਲੇ


1. *Postmodern Literary Theory : An Anthology*, pp. 94-95.
2. *ਖੁਲ੍ਹੇ ਲੇਖ*, ਪੰ. 19
3. Micheal Riffaterre, *Semiotics of Poetry,* P 1
4. Ernt. Cassirer, *The Myth of the State*, pp. 45-46
5. ਰਤਨ ਸਿੰਘ ਜੱਗੀ (ਸੰਪਾ.), *ਖੋਜ ਪੱਤ੍ਰਿਕਾ, ਆਧੁਨਿਕ ਕਾਵਿ ਅੰਕ*, ਪੰ. 211
6. *ਉਹੀ*, ਪੰਨੇ 212-213.
7. *ਲਹਿਰਾਂ ਦੇ ਹਾਰ*, ਪੰ. 27.



**Corresponding Author**

**Rajwinder Kaur***

Research Scholar, I.K.G. Punjab Technical University, Kapurthala